# ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ

# ਵਿਭਾਗ, ਪੰਜਾਬ

## ਉਦਯੋਗਿਕ ਸਿਖਲਾਈ ਸੰਸਥਾਵਾਂ (ਆਈ.ਟੀ.ਆਈਆਂ) ਦਾ ਆਨ-ਲਾਈਨ ਦਾਖਲਾ ਨੋਟਿਸ

## ਸੈਸ਼ਨ ਅਗਸਤ 2025

ਪੰਜਾਬ ਰਾਜ ਦੀਆਂ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਅਤੇ ਪ੍ਰਾਈਵੇਟ ਐਫੀਲੇਟਿਡ ਉਦਯੋਗਿਕ ਸਿਖਲਾਈ ਸੰਸਥਾਵਾਂ ਵਿਚ ਕਰਾਫਟਸਮੈਨ ਸਕੀਮ ਅਤੇ ਡਿਊਲ ਸਿਸਟਮ ਆਫ ਟ੍ਰੇਨਿੰਗ ਅਧੀਨ ਵੱਖ-ਵੱਖ ਟਰੇਡਾਂ ਦੇ ਦਾਖਲੇ ਲਈ ਹੇਠ ਦਰਸਾਈਆਂ ਮਿਤੀਆਂ ਅਨੁਸਾਰ ਆਨ ਲਾਈਨ ਦਾਖਲਾ ਹੋਵੇਗਾ:-

**First Counseling:-**

| | |
|---|---|
| Online Registration and uploading of documents and Deposit Documents Verification Processing Fee | 01 July 2025 to 12 July 2025 |
| Online Document Verification by Designated Institutes | 03 July 2025 to 13 July 2025 |
| Online Choice Filling | 04 July 2025 to 13 July 2025 |
| Seat allotment Result Declaration | 15 July 2025 |
| Online Deposit Course admission fee and Online Seat Confirm | 16 July 2025 to 21 July 2025 |
| Seat Withdrawan Option | 22 July 2025 |

**Second Counseling**:-

| | |
|---|---|
| Online Registration and uploading of documents and Deposit Documents Verification Processing Fee | 16 July 2025 to 26 July 2025 |
| Online Document Verification by Designated Institutes | 16 July 2025 to 27 July 2025 |
| Online Choice Filling | 23 July 2025 to 27 July 2025 |
| Seat allotment Result Declaration | 29 July 2025 |
| Online Deposit Course admission fee and Online Seat Confirm | 30 July 2025 to 04 August 2025 |
| Seat Withdrawan Option | 05 August 2025 |

**Third Counseling:-**

| | |
|---|---|
| Online Registration and uploading of documents and Deposit Documents Verification Processing Fee | 30 July 2025 to 10 August 2025 |

| | |
|---|---|
| Online Document Verification by Designated Institutes | 30 July 2025 to 10 August 2025 |
| Online Choice Filling | 06 August 2025 to 10 August 2025 |
| Seat allotment Result Declaration | 12 August 2025 |
| Online Deposit Course admission fee and Online Seat Confirm | 13 August 2025 to 18 August 2025 |
| Seat Withdrawan Option | 19 August 2025 |

**Spot Round Counseling:-**

| | |
|---|---|
| Online Registration and Uploading of documents and Deposit Documents Verification Processing Fee online | 14 August 2025 to 29 August 2025 |
| Online Document Verification by Designated Institutes | 14 August 2025 to 30 August 2025 up to 05 PM |
| Reporting of Candidates with 90% marks* and above | 25 August 2025 |
| Reporting of Candidates with 80% marks* and above | 26 August 2025 |
| Reporting of Candidates with 70% marks* and above | 27 August 2025 |
| Reporting of Candidates with 60% marks* and above | 28 August 2025 |
| Reporting of Candidates with 50% marks* and above | 29 August 2025 |
| Reporting of Candidates All pass out any %age | 30 August 2025 |

*Marks means percentage of marks obtained in the minimum educational qualification required for admission in particular trade

ਦਾਖਲੇ ਲਈ ਚਾਹਵਾਨ ਉਮੀਦਵਾਰ https://eakadamik.in/dte_punjab_iti_2025 ਤੇ ਆਨ ਲਾਈਨ ਰਜਿਸ਼ਟਰੇਸ਼ਨ ਕਰ ਸਕਦੇ ਹਨ। ਉਮੀਦਵਾਰ ਸਹਾਇਤਾ ਲਈ ਆਪਣੇ ਨਜਦੀਕ ਪੈਂਦੀ, ਪੰਜਾਬ ਰਾਜ ਦੀ ਕਿਸੇ ਸਰਕਾਰੀ ਆਈ.ਟੀ.ਆਈ. ਵਿਖੇ, ਸਥਾਪਿਤ ਕੀਤੇ ਗਏ ਹੈਲਪ ਡੈਸਕ ਤੇ ਜਾ ਸਕਦੇ ਹੋ। ਵਿਸਥਾਰ ਪੂਰਵਕ ਹਦਾਇਤਾਂ ਵੈਬਸਾਈਟ www.punjabitis.gov.in ਤੇ ਉਪਲਬੱਧ ਹਨ, ਨੂੰ ਪੜ੍ਹ ਲਿਆ ਜਾਵੇ।

ਉਪਰੋਕਤ ਦਾਖਲਾ ਸ਼ਡਿਊਲ ਵਿਚ ਦਰਸਾਈਆਂ ਮਿਤੀਆਂ ਅਨੁਸਾਰ ਉਮੀਦਵਾਰ ਰਜਿਸ਼ਟਰੇਸ਼ਨ ਅਤੇ ਸਰਟੀਫਿਕੇਟ ਅਪਲੋਡ ਕਰ ਸਕਦੇ ਹਨ। ਡਾਕੂਮੈਂਟ ਵੈਰੀਫਿਕੇਸ਼ਨ ਲਈ ਪ੍ਰੋਸੈਸਿੰਗ ਫੀਸ 100/- ਰੁਪਏ, ਦਾਖਲਾ ਪੋਰਟਲ ਉਪਰ ਦਰਸਾਏ ਪੇਮੈਂਟ ਲਿੰਕ ਉਪਰ ਆਨ ਲਾਈਨ ਪ੍ਰੋਸੈਸ ਰਾਹੀਂ ਸਬਮਿਟ ਕਰਵਾਈ ਜਾਵੇ ਅਤੇ ਟਰੇਡ ਦੀ ਅਤੇ ਸੰਸਥਾ ਦੀ ਚੁਆਇਸ ਭਰੀ ਜਾਵੇ। ਸੀਟ ਅਲਾਟਮੈਂਟ ਹੋਣ ਤੇ ਉਮੀਦਵਾਰ ਵਲੋਂ ਦਾਖਲਾ ਪੋਰਟਲ ਤੇ ਸੀਟ ਅਲਾਟਮੈਂਟ ਦਾ ਰਿਜਲਟ ਚੈਕ ਕਰਨ ਉਪਰੰਤ ਦਾਖਲੇ ਦੀ ਆਨ ਲਾਈਨ ਫੀਸ ਸਬਮਿਟ ਕੀਤੀ ਜਾਵੇ। ਫੀਸ ਜਮਾਂ ਕਰਵਾਏ ਜਾਣ ਤੇ ਹੀ ਉਮੀਦਵਾਰ ਦਾ ਦਾਖਲਾ ਅਤੇ ਸੀਟ ਕੰਫਰਮ ਹੋਵੇਗੀ। ਫੀਸ ਜਮਾਂ ਕਰਵਾਉਣ ਉਪਰੰਤ ਉਮੀਦਵਾਰ ਵਲੋਂ ਸੰਸਥਾ ਵਿਖੇ ਤੁਰੰਤ ਰਿਪੋਰਟ ਕੀਤੀ ਜਾਵੇ।

ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਵਿਖੇ ਇੰਜੀਨੀਅਰਿੰਗ ਅਤੇ ਨਾਨ ਇੰਜੀਨੀਅਰਿੰਗ ਟਰੇਡਾਂ ਦੀ ਕੁੱਲ ਸਲਾਨਾ ਫੀਸ 3400/- ਰੁਪਏ ਹੈ। ਪ੍ਰਾਈਵੇਟ ਉਦਯੋਗਿਕ ਸਿਖਲਾਈ ਸੰਸਥਾਵਾਂ ਵਿਖੇ

ਇੰਜੀਨੀਅਰਿੰਗ ਅਤੇ ਨਾਨ ਇੰਜੀਨੀਅਰਿੰਗ ਟਰੇਡਾ ਲਈ ਇਹ ਫੀਸ ਕ੍ਰਮਵਾਰ 19312/- ਰੁਪਏ ਅਤੇ 12875/- ਰੁਪਏ ਸਲਾਨਾ ਹੈ।

ਦਾਖਲਾ ਲੈਣ ਵਾਲੇ ਉਮੀਦਵਾਰਾਂ ਵਲੋਂ ਕਿਸੇ ਵੀ ਸਰਕਾਰੀ ਅਤੇ ਪ੍ਰਾਈਵੇਟ ਆਈ.ਟੀ.ਆਈ. ਵਿਚ ਕੋਈ ਵੀ ਨਗਦ ਫੀਸ ਜਮਾਂ ਨਹੀਂ ਹੋਵੇਗੀ ਭਾਵਕਿ ਸਿਖਿਆਰਥੀਆਂ ਵਲੋਂ ਦਾਖਲਾ ਫੀਸਾਂ, ਕੇਵਲ ਦਾਖਲਾ ਪੋਰਟਲ ਦੇ ਪੇਮੈਂਟ ਲਿੰਕ ਤੇ ਹੀ ਆਨ ਲਾਈਨ ਜਮਾਂ ਹੋਣਗੀਆਂ।

ਜੇਕਰ ਕਿਸੇ ਉਮੀਦਵਾਰ ਨੂੰ ਆਨ ਲਾਈਨ ਸੀਟ ਅਲਾਟਮੈਂਟ ਰਿਜਲਟ ਵਿਚ, ਉਸ ਦੀ ਚੁਆਇਸ ਦੀ ਸੰਸਥਾ/ ਟਰੇਡ ਨਹੀਂ ਮਿਲਦੀ ਤਾਂ ਦਾਖਲਾ ਪੋਰਟਲ ਵਲੋਂ ਉਸ ਨੂੰ ਜਿਲ੍ਹੇ ਵਿਚ ਪੈਂਦੀ ਕਿਸੇ ਵੀ ਸਰਕਾਰੀ ਜਾਂ ਪ੍ਰਾਈਵੇਟ ਆਈ.ਟੀ.ਆਈ. ਵਿਚ, ਮੰਗ ਕੀਤੀ ਸੀਟ ਉਪਲਬੱਧ ਹੋਣ ਤੇ, ਸੀਟ ਅਲਾਟ ਹੋ ਜਾਵੇਗੀ। ਜੇਕਰ ਉਮੀਦਵਾਰ ਇਸ ਲਈ ਸਹਿਮਤ ਹੋਵੇਗਾ ਤਾਂ ਉਸ ਨੂੰ ਤੁਰੰਤ ਆਨ ਲਾਈਨ ਫੀਸ ਜਮ੍ਹਾਂ ਕਰਵਾਉਣੀ ਪਵੇਗੀ ਅਤੇ ਸੀਟ ਕੰਫਰਮ ਹੋ ਜਾਵੇਗੀ।

ਪੰਜਾਬ ਸਰਕਾਰ ਵਲੋਂ ਦਾਖਲਾ ਲੈਣ ਵਾਲੇ ਸਿਖਿਆਰਥੀਆਂ ਨੂੰ ਹੇਠ ਅਨੁਸਾਰ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ:-

ਪੋਸ਼ਟਮੈਟ੍ਰਿਕ ਸਕਾਲਰਸ਼ਿਪ ਸਕੀਮ ਟੂ ਐਸ.ਸੀ. ਸਟੂਡੈਂਟਸ ਅਧੀਨ ਮਾਰਚ 2021 ਦੀਆਂ ਗਾਈਡ ਲਾਈਨਜ਼ ਅਨੁਸਾਰ ਯੋਗ ਐਸ.ਸੀ. ਸਿਖਿਆਰਥੀ ਜਿੰਨਾ ਦੇ ਮਾਪਿਆਂ ਦੀ ਸਲਾਨਾ ਆਮਦਨ 2.5 ਲੱਖ ਰੁਪਏ ਜਾਂ ਇਸ ਤੋਂ ਘੱਟ ਹੋਵੇਗੀ, ਨੂੰ ਸਮਾਜਿਕ ਨਿਆਂ ਅਧਿਕਾਰਿਤਾ ਅਤੇ ਘੱਟ ਗਿਣਤੀ ਵਿਭਾਗ, ਪੰਜਾਬ ਵਲੋਂ ਫਰੀਸ਼ਿਪ ਕਾਰਡ ਜਾਰੀ ਕੀਤਾ ਜਾਵੇਗਾ। ਫਰੀਸ਼ਿਪ ਕਾਰਡ ਹੋਲਡਰ ਸਿਖਿਆਰਥੀਆਂ ਨੂੰ ਸਰਕਾਰੀ ਅਤੇ ਪ੍ਰਾਈਵੇਟ ਉਦਯੋਗਿਕ ਸਿਖਲਾਈ ਸੰਸਥਾਵਾਂ ਵਿਚ ਬਿਨ੍ਹਾਂ ਫੀਸ ਲਏ ਦਾਖਲਾ ਦਿੱਤਾ ਜਾਵੇਗਾ। ਦਾਖਲ ਹੋਏ ਇੰਨਾਂ ਸਿਖਿਆਰਥੀਆਂ ਦੇ ਬੈਂਕ ਖਾਤੇ ਵਿਚ, ਸਮਾਜਿਕ ਨਿਆਂ ਅਧਿਕਾਰਿਤਾ ਅਤੇ ਘੱਟ ਗਿਣਤੀ ਵਿਭਾਗ, ਪੰਜਾਬ ਵਲੋਂ ਫੀਸ ਦੀ ਰਾਸ਼ੀ ਅਤੇ ਸਲਾਨਾ ਅਕਾਦਮਿਕ ਭੱਤੇ ਦਿੱਤੇ ਜਾਣਗੇ। ਰਾਸ਼ੀ ਪ੍ਰਾਪਤ ਹੋਣ ਉਪਰੰਤ ਫੀਸ ਦੀ ਰਾਸ਼ੀ ਸੰਸਥਾ ਨੂੰ ਜਮਾਂ ਕਰਵਾਉਣੀ ਹੋਵੇਗੀ।

ਜਿਨ੍ਹਾਂ ਉਮੀਦਵਾਰਾਂ ਦੀ ਪਰਿਵਾਰਕ ਆਮਦਨ 02 ਲੱਖ ਰੁਪਏ ਸਾਲਾਨਾ ਤੋਂ ਘੱਟ ਹੈ, ਉਨ੍ਹਾਂ ਉਮੀਦਵਾਰਾਂ ਦਾ, ਪ੍ਰਾਈਵੇਟ ਆਈ.ਟੀ.ਆਈਜ਼ ਵਲੋਂ, ਆਪਣੀ ਸੰਸਥਾ ਦੀਆਂ 5% (ਪੰਜ ਪ੍ਰਤੀਸ਼ਤ) ਸੀਟਾਂ ਵਿਚ, ਸਰਕਾਰੀ ਆਈ.ਟੀ.ਆਈ. ਦੀਆਂ ਨਿਰਧਾਰਤ ਫੀਸਾਂ ਅਨੁਸਾਰ ਦਾਖਲਾ ਕੀਤਾ ਜਾਵੇਗਾ।

ਜੇਕਰ ਕੋਈ ਉਦਯੋਗਿਕ ਸਿਖਲਾਈ ਸੰਸਥਾ, ਉਮੀਦਵਾਰਾਂ ਪਾਸੋਂ, ਨਿਰਧਾਰਤ ਕੀਤੀਆਂ ਫੀਸਾਂ ਤੋਂ ਵੱਧ ਫੀਸ ਦੀ ਮੰਗ ਕਰਦੀ ਹੈ ਤਾਂ ਇਸ ਬਾਰੇ ਵਿਭਾਗ ਦੀ ਹੇਠ ਦਰਸਾਈ ਈਮੇਲ ਤੇ ਲਿਖਤੀ ਸ਼ਿਕਾਇਤ ਭੇਜੀ ਜਾਵੇ।

ਹੈਲਪਲਾਈਨ ਮੋਬਾਈਲ ਨੰ: 7009977132, ਅਤੇ ਈਮੇਲ punjabiti2024@gmail.com

ਮਿਤੀ:

ਮੋਨੀਸ਼ ਕੁਮਾਰ ਆਈ.ਏ.ਐਸ.
ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।